# GURU TEG BAHADAR BANI: A NEW MODEL OF HOLISTIC AND BALANCED LIFE
# ਗੁਰੂ ਤੇਗ ਬਹਾਦਰ ਬਾਣੀ: ਸੰਪੂਰਨ ਅਤੇ ਸੰਤੁਲਿਤ ਜੀਵਨ ਜਾਚ ਦਾ ਨਵੀਨ ਮਾਡਲ

**ਡਾ. ਬੀਰਬਲ ਸਿੰਘ (Dr. Birbal Singh)**

ਸਹਾਇਕ ਪ੍ਰੋਫ਼ੈਸਰ, ਖ਼ਾਲਸਾ ਤ੍ਰੈ-ਸ਼ਤਾਬਦੀ ਸਰਕਾਰੀ ਕਾਲਜ ਰਤੀਆ, ਜਿਲ੍ਹਾ ਫਤਿਹਾਬਾਦ (ਹਰਿਆਣਾ)

E-Mail: dr.birbalsingh18@gmail.com ਮੋਬਾਈਲ: 98965-45965

**ABSTRACT**

*ਗੁਰਮਤਿ ਕਾਵਿਧਾਰਾ ਮੱਧਕਾਲੀ ਪੰਜਾਬੀ ਸਾਹਿਤ ਸੱਭਿਆਚਾਰ ਦੀ ਅਤਿਅੰਤ ਗੌਰਵਮਈ, ਬੜੀ ਅਮੀਰ, ਵਿਸ਼ਾਲ, ਵਿਲੱਖਣ ਅਤੇ ਮਹਾਨ ਕਾਵਿ ਪਰੰਪਰਾ ਹੈ। ਇਹ ਕਾਵਿ ਪਰੰਪਰਾ ਦਾ ਸਿਰਫ਼ ਪੰਜਾਬੀ ਸਾਹਿਤ ਪਰੰਪਰਾ ਵਿੱਚ ਹੀ ਨਹੀਂ ਬਲਕਿ ਸਮੁੱਚੇ ਵਿਸ਼ਵ ਧਰਮ ਚਿੰਤਨ ਵਿੱਚ ਮਹੱਤਵਪੂਰਨ ਅਤੇ ਵਿਸ਼ੇਸ਼ ਸਥਾਨ ਹੈ। ਇਸ ਕਾਵਿਧਾਰਾ ਵਿੱਚ ਧਾਰਮਿਕਤਾ ਅਤੇ ਕਾਵਿਕਤਾ ਦਾ ਅਨੋਖਾ ਸੁਮੇਲ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸ ਕਾਵਿ ਧਾਰਾ ਦੇ ਅੰਤਰਗਤ ਗੁਰੂ ਸਾਹਿਬਾਨਾਂ ਨੇ ਮਨੁੱਖੀ ਜੀਵਨ ਦੇ ਯਥਾਰਥ ਨੂੰ ਪਰਮਾਰਥ ਦੇ ਮੁਹਾਵਰੇ ਰਾਹੀਂ ਪ੍ਰਸਤੁਤ ਕਰਨ ਦਾ ਯਤਨ ਕੀਤਾ ਹੈ। ਗੁਰੂ ਤੇਗ ਬਹਾਦਰ ਜੀ ਦੀ ਰਚਨਾ ਲੋਕ ਜੀਵਨ ਨਾਲ ਜੁੜੀ ਹੋਈ ਹੈ ਜਿਸ ਵਿੱਚ ਜੀਵਨ ਦੇ ਮਹਾਨ ਆਦਰਸ਼ ਸਮਾਏ ਹੋਏ ਹਨ। ਇਹ ਰਚਨਾ ਵਿਅਕਤੀ ਨੂੰ ਗੁਰਮਤਿ ਆਸ਼ੇ ਦੇ ਅਨੁਕੂਲ ਸਵੈਮਾਣ ਨਾਲ ਜੀਵਨ ਜੀਣ ਲਈ ਪ੍ਰੇਰਿਤ ਕਰਦੀ ਹੈ। ਅਜਿਹਾ ਜੀਵਨ ਜਿਉਣ ਵਾਲਾ ਵਿਅਕਤੀ ਧਾਰਮਿਕ ਕੱਟੜਤਾ, ਸੰਕੀਰਣਤਾ, ਵਿਖਾਵੇ ਤੇ ਭੇਖ ਪਾਖੰਡ ਤੋਂ ਮੁਕਤ ਹੁੰਦਾ ਹੈ। ਉਹ ਸਮੁੱਚੀ ਮਨੁੱਖਤਾ ਨਾਲ ਭਰਾਤ੍ਰੀਭਾਵ ਅਤੇ ਮਾਨਵਤਾ ਵਾਲਾ ਵਿਹਾਰ ਕਰਦਾ ਹੈ। ਗੁਰੂ ਸਾਹਿਬ ਆਪਣੀ ਬਾਣੀ ਵਿੱਚ ਇਹੋ ਜਿਹੇ ਆਦਰਸ਼ਕ ਮਨੁੱਖ ਤੱਕ ਦਾ ਸਫ਼ਰ ਤੈਅ ਕਰਨ ਲਈ ਮਨੁੱਖ ਨੂੰ ਵਾਰ-ਵਾਰ ਚੇਤੰਨ ਕਰਦੇ ਹਨ ਕਿਉਂਕਿ ਅਜਿਹੇ ਮਨੁੱਖੀ ਜੀਵਨ ਦੀ ਸਾਰਥਕਤਾ ਭੂਤ, ਵਰਤਮਾਨ ਅਤੇ ਭਵਿੱਖ ਤਿੰਨਾਂ ਕਾਲਾਂ ਵਿੱਚ ਪ੍ਰਾਸੰਗਿਕ ਹੈ।*

**ਕੀਵਰਡ**: *ਮੱਧਕਾਲੀ ਸਾਹਿਤ, ਗੁਰਮਤਿ ਪਰੰਪਰਾ, ਗੁਰੂ ਤੇਗ ਬਹਾਦਰ, ਜੀਵਨ ਜਾਚ, ਗ੍ਰਿਹਸਥ ਜੀਵਨ, ਸੰਤੁਲਿਤ ਅਵਸਥਾ, ਪਾਖੰਡਾਂ ਦਾ ਵਿਰੋਧ, ਪਰਮ ਸੱਤਾ 'ਚ ਅਭੇਦਤਾ।*

ਵਿਸ਼ਵ ਇਤਿਹਾਸ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਮਹਿਮਾ ਨਿਰਾਲੀ ਹੈ। ਨਿਰਾਲੀ ਮਹਿਮਾ ਦਾ ਰਹੱਸ ਇਸ ਪ੍ਰਮਾਣ ਵਿੱਚ ਹੈ ਕਿ ਗੁਰੂ ਸਾਹਿਬ ਜੀ ਦੀ ਕੁਰਬਾਨੀ ਪਰਉਪਕਾਰ ਲਈ ਹੈ। ਉਹਨਾਂ ਦਾ ਇਹ ਪਰਉਪਕਾਰ ਸਵੈ ਜਾਂ ਆਪਣੇ ਭਾਈਚਾਰੇ ਲਈ ਨਹੀਂ ਬਲਕਿ ਮਾਨਵੀ ਹੱਕਾਂ ਦੀ ਰਖਵਾਲੀ ਅਤੇ ਧਰਮ ਦੀ ਆਜ਼ਾਦੀ ਖਾਤਰ ਹੈ। ਗੁਰੂ ਸਾਹਿਬ ਦੁਆਰਾ ਮਨੁੱਖਤਾ ਧਰਮ ਲਈ ਦਿੱਤੀ ਸ਼ਹਾਦਤ 'ਧਰਮ' ਨੂੰ ਸਹੀ ਅਰਥਾਂ ਵਿੱਚ ਪੇਸ਼ ਕਰਦੀ ਹੈ। ਗੁਰੂ ਜੀ ਨੇ ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਦੀ ਆਜ਼ਾਦੀ ਦੇ ਮੁੱਦਈ ਹੁੰਦਿਆਂ ਹਿੰਦੁਸਤਾਨ ਦੀ ਮੁਰਦਾ ਹੋਈ ਲੋਕਾਈ ਨੂੰ ਸੁਚੱਜਾ ਜੀਵਨ ਜਿਉਣ ਦੀ ਅਸਲ ਜਾਚ ਦੱਸੀ ਹੈ। ਗੁਰੂ ਸਾਹਿਬ ਨੇ ਜਿੱਥੇ ਆਪਣੇ ਜੀਵਨ ਆਦਰਸ਼ ਰਾਹੀਂ ਲੋਕਾਈ ਅੰਦਰ ਨਵੀਂ ਰੂਹ ਫੂਕਣ ਦਾ ਕਾਰਜ ਕੀਤਾ ਉੱਥੇ ਨਾਲ ਹੀ ਉਹ ਆਪਣੀ ਕਲਮ ਰਾਹੀਂ ਬਾਣੀ ਦੀ ਸਿਰਜਣਾ ਕਰ ਇਸ ਧਰਤੀ ਤੇ ਨਰੋਆ ਸਮਾਜ ਉਸਾਰਨ ਪ੍ਰਤੀ ਯਤਨਸ਼ੀਲ ਸਨ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਜਦੋਂ ਅਧਿਐਨ ਕਰਦੇ ਹਾਂ ਜੋ ਸਾਨੂੰ ਗੁਰੂ ਗ੍ਰੰਥ ਸਾਹਿਬ ਵਿੱਚ 57 ਸਲੋਕਾਂ ਤੇ 59 ਸ਼ਬਦਾਂ ਦੇ ਰੂਪ ਵਿੱਚ 15 ਭਿੰਨ-ਭਿੰਨ ਰਾਗਾਂ ਵਿੱਚ ਰਚੀ ਪ੍ਰਾਪਤ ਹੁੰਦੀ ਹੈ। ਇਹ ਬਾਣੀ ਅਧਿਆਤਮਕ ਮੁਹਾਵਰੇ ਵਿੱਚ ਮਨੁੱਖੀ ਜੀਵਨ ਤੇ ਸ੍ਰਿਸ਼ਟੀ ਦੇ ਸੱਚਾਂ ਤੋਂ ਪਰਦਾ ਉਠਾਉਂਦੀ ਹੈ। ਇਸ ਬਾਣੀ ਦਾ ਰਹੱਸ ਇਹ ਹੈ ਕਿ ਇਹ ਅਧਿਆਤਮਕ ਸੰਸਾਰ ਨਾਲ ਜੁੜੀ ਹੋਈ ਹੋ ਕੇ ਵੀ ਮਨੁੱਖ ਨੂੰ ਨਵੀਂ ਜੀਵਨ ਜਾਚ ਨਾਲ ਜੋੜਨ ਦਾ ਕਾਰਜ ਕਰਦੀ ਹੈ। ਗੁਰੂ ਸਾਹਿਬ ਦੀ ਬਾਣੀ ਵਿੱਚ ਪੇਸ਼ ਹੋਈ ਜੀਵਨ ਜਾਚ ਨਾਲ ਸਬੰਧਤ ਆਦਰਸ਼ਕ ਵਿਚਾਰ ਮਨੁੱਖ ਦੀ ਮਾਨਸਿਕ ਅਵਸਥਾ ਨੂੰ ਨਵਾਂ ਹੁੰਗਾਰਾ ਪ੍ਰਦਾਨ ਕਰਦੇ ਹਨ।

ਇਸ ਤੋਂ ਪਹਿਲਾਂ ਕਿ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਪੇਸ਼ ਹੋਈ ਜੀਵਨ ਜਾਚ ਦੇ ਸੰਕਲਪ ਸਬੰਧੀ ਗੱਲ ਕਰੀਏ ਇੱਥੇ ਉਸ ਤੋਂ ਪਹਿਲਾਂ ਇਹ ਜਾਣਨਾ ਜ਼ਰੂਰੀ ਹੈ ਕਿ ਜੀਵਨ ਜਾਚ ਦਾ ਸੰਕਲਪ ਕੀ ਹੈ? ਅਤੇ ਇਸਦਾ ਵਿਸ਼ਾ ਖੇਤਰ ਕਿਹੜਾ ਹੈ?

ਦਰਅਸਲ ਜੀਵਨ ਜਾਚ ਦਾ ਵਿਸ਼ਾ ਬਹੁਤ ਵਿਸ਼ਾਲ ਹੈ। ਧਰਤੀ ਅਤੇ ਆਕਾਸ਼ ਵਿਚਕਾਰ ਜੋ ਕੁੱਝ ਵੀ ਵਿਦਮਾਨ ਹੈ ਉਸ ਨੂੰ ਜੀਵਨ ਦੇ ਅੰਤਰਗਤ ਸ਼ਾਮਲ ਕਰ ਲਿਆ ਜਾਂਦਾ ਹੈ। ਅਤੇ ਜਾਚ ਤੋਂ ਭਾਵ ਹੈ ਜੁਗਤ, ਢੰਗ, ਤਰੀਕਾ ਅਤੇ ਸਲੀਕਾ ਆਦਿ। ਜਿਸਦਾ ਭਾਵ ਇਹ ਹੋਇਆ ਕਿ ਕਿਸੇ ਵਿਚਾਰਧਾਰਾ ਜਾਂ ਸੱਚਾਈ ਨੂੰ ਗ੍ਰਹਿਣ ਕਰਨ ਉਪਰੰਤ ਮਨੁੱਖ ਦੁਆਰਾ ਆਪਣੇ ਜੀਵਨ ਜਿਉਣ ਦਾ ਜੋ ਅਮਲੀ ਰੂਪ ਵਿੱਚ ਢੰਗ ਜਾਂ ਤਰੀਕਾ ਅਪਣਾਇਆ ਜਾਂਦਾ ਹੈ।

ਇਹ ਅਟੱਲ ਸੱਚਾਈ ਹੈ ਕਿ ਮਨੁੱਖ ਦੇ ਜੀਵਨ ਜਿਉਣ ਦਾ ਢੰਗ ਜਾਂ ਤਰੀਕਾ ਸਮੇਂ ਅਤੇ ਸਥਿਤੀਆਂ ਮੁਤਾਬਕ ਨਿਰੰਤਰ ਬਦਲਦਾ ਰਹਿੰਦਾ ਹੈ। ਮਨੁੱਖ ਜਿਸ ਤਰ੍ਹਾਂ ਦੇ ਸਮਾਜ ਵਿੱਚ ਵਿਚਰਦਾ ਹੈ ਉਸ ਸਮਾਜ ਵਿੱਚ ਵਿਆਪਤ ਵਸੀਲਿਆਂ ਦੀ ਪੂਰਤੀ ਹਿੱਤ ਉਹ ਆਪਣਾ ਜੀਵਨ ਢੰਗ ਢਾਲਦਾ ਰਹਿੰਦਾ ਹੈ। ਇਸ ਸੰਦਰਭ ਵਿੱਚ ਜਦੋਂ ਅਸੀਂ ਵਰਤਮਾਨ ਮਨੁੱਖ ਦੇ ਜੀਵਨ ਜਾਚ ਦੀ ਗੱਲ ਕਰਦੇ ਹਾਂ ਤਾਂ ਇਹ ਦੇਖਣ ਵਿੱਚ ਆਉਂਦਾ ਹੈ ਕਿ ਅਜੋਕੇ ਮਨੁੱਖ ਦਾ ਜੀਵਨ ਤੌਖਲਿਆਂ ਅਤੇ ਰੁਝੇਵਿਆਂ ਭਰਪੂਰ ਹੈ। ਸਵੇਰ ਤੋਂ ਸ਼ਾਮ ਤੱਕ ਦੀ ਭੱਜ-ਨੱਸ ਅਤੇ ਭਟਕਣ ਉਸ ਨੂੰ ਧਰਤੀ ਤੇ ਬੇਗਾਨਗੀ ਦਾ ਅਹਿਸਾਸ ਕਰਵਾਉਂਦੀ ਹੈ। ਆਪੇ ਦੀ ਭਾਲ 'ਚ ਗ੍ਰਸੇ ਮਨੁੱਖ ਅੱਗੇ ਕਈ ਤਰ੍ਹਾਂ ਦੇ ਸੁਆਲ ਖੜ੍ਹੇ ਹੋ ਜਾਂਦੇ ਹਨ। ਉਹ ਸੋਚਣ ਲਈ ਮਜ਼ਬੂਰ ਹੋ ਜਾਂਦਾ ਹੈ ਕਿ ਉਹ ਅਜਿਹਾ ਜੀਵਨ ਕਿਉਂ ਗੁਜ਼ਾਰ ਰਿਹਾ ਹੈ? ਉਸ ਦੇ ਜੀਵਨ ਦਾ ਅਸਲ ਮਨੋਰਥ ਕੀ ਹੈ? ਉਸ ਨੂੰ ਕਿਹੜੀਆਂ ਅਧਿਆਤਮਕ ਅਤੇ ਸਦਾਚਾਰਕ ਕੀਮਤਾਂ ਆਪਣੇ ਜੀਵਨ 'ਚ ਗ੍ਰਹਿਣ ਕਰਨੀਆਂ ਚਾਹੀਦੀਆਂ ਹਨ? ਆਦਿ। ਮਨੁੱਖ ਇਹਨਾਂ ਸੁਆਲਾਂ ਦੇ ਜਵਾਬ ਲੱਭਣ ਲਈ ਸਾਹਿਤ ਵੱਲ ਅਗਰਸਰ ਹੁੰਦਾ ਹੈ ਕਿਉਂਕਿ ਸਾਹਿਤ ਮਨੁੱਖੀ ਜੀਵਨ ਨੂੰ ਆਦਰਸ਼ਕ ਬਣਾਉਣ ਵਿੱਚ ਸਭ ਤੋਂ ਵੱਧ ਭੂਮਿਕਾ ਅਦਾ ਕਰਦਾ ਹੈ।

ਜਦੋਂ ਸਾਹਿਤ ਵਿੱਚ ਜੀਵਨ ਜਾਚ ਦੇ ਸੰਕਲਪ ਦੇ ਆਰੰਭ ਸਬੰਧੀ ਗੱਲ ਕੀਤੀ ਜਾਂਦੀ ਹੈ ਤਾਂ ਦੇਖਣ ਵਿੱਚ ਆਉਂਦਾ ਹੈ ਕਿ ਇਸ ਦਾ ਸਬੰਧ

ਦਰਸ਼ਨ ਸ਼ਾਸਤਰ ਦੇ ਵਿਸ਼ੇ ਨਾਲ ਜਾ ਜੁੜਦਾ ਹੈ। ਭਾਰਤੀ ਸਾਹਿਤ ਵਿੱਚ ਪ੍ਰਾਪਤ ਪੁਰਾਤਨ ਗ੍ਰੰਥਾਂ ਜਿਵੇਂ ਰਿਗਵੇਦ ਅਤੇ ਉਪਨਿਸ਼ਦ ਆਦਿ ਵਿੱਚ ਜੀਵਨ ਜਾਚ ਦਾ ਸੰਕਲਪ ਭਰਪੂਰ ਮਾਤਰਾ ਵਿੱਚ ਪੇਸ਼ ਹੋਇਆ ਮਿਲਦਾ ਹੈ। ਇਹਨਾਂ ਗ੍ਰੰਥਾਂ ਦਾ ਦਰਸ਼ਨ ਸ਼ਾਸਤਰ ਦੇ ਵਿਸ਼ੇ ਨਾਲ ਡੂੰਘਾ ਸਬੰਧ ਹੈ। ਇਸ ਆਧਾਰ ਤੇ ਜਦੋਂ ਮਨੁੱਖ ਦੁਆਰਾ ਜੀਵੇ ਜਾਣ ਵਾਲੇ ਆਦਰਸ਼ਕ ਜੀਵਨ ਦੀ ਗੱਲ ਕੀਤੀ ਜਾਂਦੀ ਹੈ ਤਾਂ ਇਸ ਦੇ ਅੰਤਰਗਤ ਇਹ ਨੁਕਤਾ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਮਨੁੱਖੀ ਅਸਤਿੱਤਵ ਕਿਸ ਪ੍ਰਕਾਰ ਦੀ ਜੀਵਨ ਜੁਗਤ ਨਾਲ ਜੁੜੇ? ਇਸ ਨੁਕਤੇ ਨੂੰ ਲੋਕਾਈ ਦੇ ਸਨਮੁਖ ਪਹੁੰਚਾਉਣ ਲਈ ਭਾਰਤੀ ਕਲਾਸਕੀ ਸਾਹਿਤ ਦੇ ਦਰਸ਼ਨ ਸ਼ਾਸਤਰ ਵਿੱਚ ਕਈ ਅੰਤਰ-ਦ੍ਰਿਸ਼ਟੀਆਂ ਸਾਹਮਣੇ ਆਉਂਦੀਆਂ ਹਨ ਜਿਨ੍ਹਾਂ ਨੇ ਇਹਨਾਂ ਨੁਕਤਿਆਂ ਨੂੰ ਨੈਤਿਕ, ਅਧਿਆਤਮਕ, ਸਦਾਚਾਰਕ ਅਤੇ ਵਿਸ਼ਵਾਸ ਦੇ ਪੱਖ ਤੋਂ ਪ੍ਰਗਟ ਕਰਨ ਦਾ ਯਤਨ ਕੀਤਾ ਹੈ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਪੇਸ਼ ਜੀਵਨ ਜਾਚ ਦੇ ਸੰਕਲਪ ਸਬੰਧੀ ਗੱਲ ਕਰਨ ਤੋਂ ਪਹਿਲਾਂ ਵਿਭਿੰਨ ਧਰਮਾਂ ਵਿੱਚ ਪੇਸ਼ ਹੋਏ ਜੀਵਨ ਜਾਚ ਦੇ ਵੱਖ-ਵੱਖ ਵਿਚਾਰਾਂ ਬਾਰੇ ਜਾਣ ਲੈਣਾ ਬਹੁਤ ਜ਼ਰੂਰੀ ਹੈ। ਵੈਦਿਕ ਧਰਮ ਵਿੱਚ ਮਨੁੱਖੀ ਜੀਵਨ ਦਾ ਲਕਸ਼ ਜੀਵਨ ਦੀਆਂ ਚਾਰ ਅੰਤਿਮ ਸੱਚਾਈਆਂ ਨੂੰ ਮੰਨਿਆ ਹੈ। ਇਹ ਚਾਰ ਸੱਚਾਈਆਂ ਹਨ: ਧਰਮ, ਅਰਥ, ਕਾਮ ਅਤੇ ਮੋਕਸ਼। ਮਹਾਤਮਾ ਬੁੱਧ ਮਨੁੱਖ ਨੂੰ ਸੰਤੁਲਿਤ ਜੀਵਨ ਦੀ ਪ੍ਰਾਪਤੀ ਲਈ ਅਸਟਾਂਗ ਮਾਰਗ (ਸਦ ਵਿਚਾਰ, ਵਿਸ਼ਵਾਸ, ਵਾਕਯ, ਕਰਮ, ਜੀਵਨ, ਪ੍ਰਯਤਨ, ਚਿੰਤਨ, ਧਿਆਨ) ਅਪਣਾ ਕੇ ਨਿਰਵਾਣ ਪ੍ਰਾਪਤੀ ਤੇ ਜ਼ੋਰ ਦਿੰਦੇ ਹਨ। ਸੂਫੀ ਕਵੀ ਪਦਾਰਥਕ ਵਸਤੂਆਂ ਨੂੰ ਤਿਆਗ ਕੇ ਪਰਮਾਰਥ ਵਿੱਚ ਲੀਨ ਹੋਣ ਨੂੰ ਮਨੁੱਖੀ ਜੀਵਨ ਦਾ ਆਦਰਸ਼ ਸਵੀਕਾਰ ਕਰਦੇ ਹਨ। ਇਸ ਆਦਰਸ਼ ਨੂੰ ਅੰਜਾਮ ਦੇਣ ਲਈ ਚਾਰ ਅਵਸਥਾਵਾਂ ਸ਼ਰੀਅਤ, ਤਰੀਕਤ, ਮਾਰਫਤ ਅਤੇ ਹਕੀਕਤ ਹਨ। ਇਸਾਈ ਮੱਤ ਆਪਾ ਵਾਰਨ ਨੂੰ ਜੀਵਨ ਦਾ ਆਦਰਸ਼ ਮੰਨਦਾ ਹੈ। ਇਸਲਾਮ ਧਰਮ ਖ਼ੁਦਾ ਦੀ ਨੇੜਤਾ ਪ੍ਰਾਪਤ ਕਰਨ ਅਤੇ ਅੱਲਾ ਦੀਆਂ ਰਹਿਮਤਾਂ ਉੱਤੇ ਵਿਸ਼ਵਾਸ ਰੱਖਣ ਤੇ ਜ਼ੋਰ ਦਿੰਦਾ ਹੈ।

ਇਸ ਤਰ੍ਹਾਂ ਵੱਖ-ਵੱਖ ਧਰਮਾਂ ਵਿੱਚ ਪੇਸ਼ ਹੋਈ ਜੀਵਨ ਜਾਚ ਦੀ ਵਿਚਾਰਧਾਰਾ ਮਨੁੱਖੀ ਜੀਵਨ ਦਾ ਲਕਸ਼ ਪਰਮਾਤਮਾ ਵਿੱਚ ਵਿਲੀਨ ਹੋ ਕੇ ਮੁਕਤੀ ਗ੍ਰਹਿਣ ਕਰਨ ਵੱਲ ਸੰਕੇਤ ਕਰਦੀ ਹੈ। ਸਾਰੇ ਧਰਮ ਇਹੀ ਸੰਦੇਸ਼ ਸੰਚਾਰਿਤ ਕਰਦੇ ਹਨ ਕਿ ਭੌਤਿਕ ਸੁੱਖਾਂ ਨੂੰ ਤਿਆਗ ਕੇ ਅਧਿਆਤਮਕ ਸੁੱਖਾਂ ਦੀ ਪ੍ਰਾਪਤੀ ਸੰਭਵ ਹੈ। ਗੁਰੂ ਸਾਹਿਬਾਨ ਦੀ ਵਿਚਾਰਧਾਰਾ ਵੀ ਇਹਨਾਂ ਧਰਮਾਂ ਨਾਲ ਸਾਂਝ ਰੱਖਦੀ ਹੈ ਪਰ ਇਹਨਾਂ ਦੀ ਜੀਵਨ ਜੁਗਤ ਵਿੱਚ ਢੇਰ ਅੰਤਰ ਹੈ। ਜਿਵੇਂ ਯੋਗਮੱਤ ਅਤੇ ਬੁੱਧ ਮੱਤ ਜੀਵਨ ਦੇ ਸੰਸਾਰਿਕ ਤਿਆਗ 'ਤੇ ਜ਼ੋਰ ਦਿੰਦੇ ਹਨ ਪਰੰਤੂ ਗੁਰੂ ਸਾਹਿਬਾਨ ਸੰਸਾਰ ਵਿੱਚ ਵਿਚਰਦਿਆਂ ਹੀ ਇਸ ਤੋਂ ਨਿਰਲੇਪ ਰਹਿਣ ਦੀ ਸਿੱਖਿਆ ਦਿੰਦੇ ਹਨ। ਗੁਰੂ ਤੇਗ ਬਹਾਦਰ ਜੀ ਪ੍ਰਾਣੀ ਦਾ ਤਿਆਗੀ ਬਣ, ਜੰਗਲਾਂ ਵਿੱਚ ਜਾ ਕੇ ਪਰਮਾਤਮਾ ਦੀ ਪ੍ਰਾਪਤੀ ਕਰਨ ਦਾ ਵਿਰੋਧ ਕਰਦੇ ਹਨ। ਗੁਰੂ ਸਾਹਿਬ ਆਪਣੀ ਬਾਣੀ ਵਿੱਚ ਪਰਮਾਤਮਾ ਅਤੇ ਮਨੁੱਖੀ ਅਸਤਿੱਤਵ ਦੀ ਅਭੇਦਤਾ ਸਬੰਧੀ ਵਿਚਾਰ ਪ੍ਰਗਟ ਕਰਦੇ ਹੋਏ ਕਹਿੰਦੇ ਹਨ:

ਕਾਹੇ ਰੇ ਬਨ ਖੋਜਨ ਜਾਈ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗ ਸਮਾਈ॥[1]

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਪੇਸ਼ ਹੋਈ ਜੀਵਨ ਜਾਚ ਮਨੁੱਖ ਨੂੰ ਗ੍ਰਹਿਸਥੀ ਜੀਵਨ ਅਪਣਾਉਣ ਲਈ ਮਾਨਤਾ ਦਿੰਦੀ ਹੈ ਅਤੇ ਸੰਨਿਆਸੀ ਜੀਵਨ ਦਾ ਖੰਡਨ ਕਰਦੀ ਹੈ। ਗੁਰੂ ਸਾਹਿਬ ਘਰ-ਬਾਰ ਤਿਆਗਣ ਦਾ ਪੁਰਜ਼ੋਰ ਵਿਰੋਧ ਕਰਦੇ ਹਨ। ਇਸ ਲਈ ਉਹ ਆਪਣੀ ਬਾਣੀ ਵਿੱਚ ਅਜਿਹੇ ਲੋਕਾਂ ਲਈ 'ਪਸ਼ੂ ਕੀ ਨਿਆਈ' ਵਰਗੇ ਚਿਹਨ ਦਾ ਪ੍ਰਯੋਗ ਕਰਦੇ ਹੋਏ ਕਹਿੰਦੇ ਹਨ:

ਕਹਾ ਭਇਓ ਜਉ ਮੂਡ ਮੁਡਾਇਓ ਭਗਵਉ ਕੀਨੋ ਭੇਸ॥
ਸਾਚ ਛਾਡਿ ਕੈ ਝੂਠਹ ਲਾਗਿਓ ਜਨਮੁ ਅਕਾਰਥ ਖੋਇਓ॥
ਕਰਿ ਪਰਪੰਚ ਉਦਰ ਨਿਜ ਪੋਖਿਓ ਪਸੁ ਕੀ ਨਿਆਈ ਸੋਇਓ॥[2]

ਦਰਅਸਲ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਮਨੁੱਖੀ ਜੀਵਨ ਨੂੰ ਸਰਵਸ੍ਰੇਸ਼ਟ ਮੰਨਿਆ ਗਿਆ ਹੈ। ਇਸ ਲਈ ਉਹ ਆਪਣੀ ਬਾਣੀ ਵਿੱਚ ਅਜਿਹੇ ਆਦਰਸ਼ਕ ਮਨੁੱਖ ਦੀ ਕਲਪਨਾ ਕਰਦੇ ਹਨ ਜੋ ਘਰ-ਬਾਰ ਤਿਆਗਣ ਦੀ ਬਜਾਇ ਆਪਣਾ ਜੀਵਨ ਸਮਤੋਲ ਵਿੱਚ ਜੀਵੇ। ਅਜਿਹਾ ਜੀਵਨ ਜਿਉਂਦਿਆ ਮਨੁੱਖ ਉੱਤੇ ਖੁਸ਼ੀ-ਗਮੀ, ਦੁੱਖ-ਸੁੱਖ ਅਤੇ ਦੁਨਿਆਵੀ ਵਸਤਾਂ ਦਾ ਕੋਈ ਪ੍ਰਭਾਵ ਨਾ ਹੋਵੇ। ਉਹ ਸੰਸਾਰਕ ਅਤੇ ਪਦਾਰਥਕ ਵਸਤਾਂ ਨੂੰ ਭੋਗਦਾ ਹੋਇਆ ਵੀ ਨਿਰਲੇਪਤਾ ਵਾਲਾ ਜੀਵਨ ਬਸਰ ਕਰੇ। ਇਸ ਸਬੰਧੀ ਗੁਰੂ ਸਾਹਿਬ ਜੀ ਫਰਮਾਉਂਦੇ ਹਨ:

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ॥
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮ ਨਿਵਾਸਾ॥[3]

ਇਸ ਤਰ੍ਹਾਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਮਨੁੱਖੀ ਜੀਵਨ ਨੂੰ ਸੰਤੁਲਨ ਵਿੱਚ ਰਹਿਣ ਦਾ ਸੰਦੇਸ਼ ਦਿੰਦੀ ਹੈ। ਕਿਉਂਕਿ ਸੰਤੁਲਿਤ ਅਵਸਥਾ ਵਿੱਚ ਅਪੜਨ ਵਾਲਾ ਵਿਅਕਤੀ ਜੀਵਨ ਵਿੱਚ ਆਉਣ ਵਾਲੀਆਂ ਹਰ ਤਰ੍ਹਾਂ ਦੀਆਂ ਪਰਿਸਥਿਤੀਆਂ ਦਾ ਸਾਹਮਣਾ ਕਰਨ ਸਮੇਂ ਅਡੋਲ ਰਹਿੰਦਾ ਹੈ। ਉਹ ਦੁੱਖ ਵਿੱਚ ਪੀੜਤ ਅਤੇ ਸੁੱਖ ਵਿੱਚ ਖਚਿਤ ਹੋਣ ਦੀ ਬਜਾਇ ਆਪਣਾ ਸੰਤੁਲਿਤ ਜੀਵਨ ਬਣਾਈ ਰੱਖਦਾ ਹੈ। ਅਜਿਹੇ ਵਿਅਕਤੀ 'ਤੇ ਸੰਸਾਰਕ ਜੀਵਨ ਦੇ ਉਤਰਾਅ-ਚੜ੍ਹਾਅ, ਨਿੰਦਿਆ-ਚੁਗਲੀ ਅਤੇ ਹਰਖ-ਸੋਗ ਆਦਿ ਕੋਈ ਪ੍ਰਭਾਵ ਨਹੀਂ ਪਾਉਂਦੇ। ਅਜਿਹਾ ਵਿਅਕਤੀ ਭੈਅ ਰਹਿਤ ਜੀਵਨ ਜਿਉਂਦਾ ਹੈ। ਅਜਿਹਾ ਵਿਅਕਤੀ ਨਾ ਖ਼ੁਦ ਕਿਸੇ ਤੋਂ ਭੈਭੀਤ ਹੁੰਦਾ ਹੈ ਅਤੇ ਨਾ ਕਿਸੇ ਨੂੰ ਭੈਭੀਤ ਕਰਦਾ ਹੈ। ਗੁਰੂ ਸਾਹਿਬ ਜੀ ਆਪਣੀ ਬਾਣੀ ਵਿੱਚ ਅਜਿਹਾ ਜੀਵਨ ਜਿਉਣ ਵਾਲੇ ਮਨੁੱਖ ਬਾਰੇ ਫਰਮਾਉਂਦੇ ਹੋਏ ਲਿਖਦੇ ਹਨ:

ਭੈ ਕਾਹੂ ਕੋ ਦੇਤ ਨਹਿ
ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ
ਗਿਆਨੀ ਤਾਹਿ ਬਖਾਨਿ॥[4]

ਮਨੁੱਖ ਨੂੰ ਇਹੋ ਜਿਹੇ ਸੰਤੁਲਨ ਭਰਪੂਰ ਅਤੇ ਆਦਰਸ਼ਕ ਜੀਵਨ ਮਾਰਗ ਤੱਕ ਪਹੁੰਚਾਉਣਾ ਹੀ ਗੁਰੂ ਸਾਹਿਬ ਜੀ ਦੀ ਬਾਣੀ ਦਾ ਮੂਲ ਉਦੇਸ਼ ਹੈ।

ਵਰਤਮਾਨ ਸਮੇਂ ਵਿਗਿਆਨਕ ਯੁੱਗ ਵਿੱਚ ਜੀਵਨ ਜੀਅ ਰਹੇ ਮਨੁੱਖ ਲਈ ਅਜਿਹੀ ਜੀਵਨ ਜਾਚ ਨਾਲ ਜੁੜਨ ਦੀ ਹੋਰ ਵੀ ਵਧੇਰੇ ਲੋੜ ਹੈ।

 ISSN 2583-9446

ਕਿਉਂਕਿ ਆਧੁਨਿਕੀਕਰਨ ਅਤੇ ਤਕਨੀਕੀ ਵਿਕਾਸ ਨੇ ਜਿੱਥੇ ਇੱਕ ਪਾਸੇ ਮਨੁੱਖੀ ਜੀਵਨ ਨੂੰ ਬਦਲਦੇ ਹੋਏ ਉਸ ਲਈ ਬਹੁਤ ਸਾਰੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਹਨ, ਉੱਥੇ ਦੂਜੇ ਪਾਸੇ ਉਸ ਨੇ ਮਨੁੱਖੀ ਜੀਵਨ ਵਿੱਚ ਕਈ ਤਰ੍ਹਾਂ ਦੇ ਵਿਕਾਰ ਵੀ ਪੈਦਾ ਕੀਤੇ ਹਨ ਜਿਵੇਂ-ਬੇਗਾਨੀਅਤ, ਮਾਨਸਿਕ ਅਸੰਤੁਸ਼ਟੀ, ਆਲਸ, ਉਤਾਵਲਾਪਣ ਅਤੇ ਇੱਕਲਤਾ ਆਦਿ। ਦਰਅਸਲ ਆਧੁਨਿਕ ਯੁੱਗ ਵਿੱਚ ਜ਼ਿੰਦਗੀ ਗੁਜ਼ਾਰ ਰਿਹਾ ਵਿਅਕਤੀ ਆਪਣੀਆਂ ਲੋੜਾਂ ਦੀ ਪੂਰਤੀ ਲਈ ਪਹਿਲਾਂ ਆਰਥਕ ਵਸੀਲੇ ਲੱਭਦਾ ਹੈ ਪਰੰਤੂ ਜਦੋਂ ਇਹ ਵਸੀਲੇ ਲੋੜ ਤੋਂ ਵੱਧ ਜਾਂਦੇ ਹਨ ਤਾਂ ਧਨ ਦੀ ਬਹੁਤਾਤ ਉਸਦੇ ਚਰਿੱਤਰ ਵਿੱਚ ਕਈ ਤਰ੍ਹਾਂ ਦੇ ਔਗੁਣ ਪੈਦਾ ਕਰ ਦਿੰਦੀ ਹੈ। ਇਸ ਦੇ ਨਾਲ ਹੀ ਇਸ ਦਾ ਦੂਜਾ ਪੱਖ ਇਹ ਜੁੜਿਆ ਹੋਇਆ ਹੈ ਕਿ ਕਈ ਵਾਰ ਵਸੀਲਿਆਂ ਦੀ ਅਣਹੋਂਦ ਜਾਂ ਘਾਟ ਵੀ ਅਜਿਹੀ ਸਥਿਤੀ ਪੈਦਾ ਕਰ ਦਿੰਦੀ ਹੈ। ਜਿਸਦਾ ਨਤੀਜਾ ਮਨੁੱਖ ਕਈ ਤਰ੍ਹਾਂ ਦੇ ਮਾਨਸਿਕ ਵਿਕਾਰਾਂ ਦਾ ਸ਼ਿਕਾਰ ਹੋ ਜਾਂਦਾ ਹੈ।

ਅਜੋਕੇ ਮਨੁੱਖ ਨੂੰ ਅਜਿਹੀ ਸਥਿਤੀ ਵਿੱਚੋਂ ਕੱਢਣ ਲਈ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਉਤਸ਼ਾਹ ਅਤੇ ਪ੍ਰੇਰਣਾ ਦਾ ਅਮੁੱਕ ਸੋਮਾ ਹੈ। ਗੁਰੂ ਸਾਹਿਬ ਜੀ ਦੀ ਬਾਣੀ ਦਾ ਅਧਿਆਤਮਕ ਸੰਦੇਸ਼ ਮਨੁੱਖ ਦੀ ਬੌਧਿਕ ਅਗਵਾਈ ਕਰਨ ਦੀ ਅਥਾਹ ਸਮਰੱਥਾ ਰੱਖਦਾ ਹੈ। ਗੁਰੂ ਸਾਹਿਬ ਆਪਣੀ ਬਾਣੀ ਵਿੱਚ ਅਜਿਹੇ ਮਨੁੱਖ ਦਾ ਸੰਕਲਪ ਸਿਰਜਦੇ ਹਨ, ਜੋ ਆਪਣੇ ਆਪ ਨੂੰ ਸੰਸਾਰਕ ਝਮੇਲਿਆਂ ਤੇ ਵਿਸ਼ੇ ਵਿਕਾਰਾਂ ਚੋ ਕੱਢ ਕੇ ਆਪਣੇ ਜੀਵਨ ਦੇ ਮੂਲ ਨੂੰ ਜਾਣਦਿਆਂ ਹੋਇਆਂ, ਆਪਣੇ ਜੀਵਨ ਦੇ ਉਦੇਸ਼ ਨੂੰ ਪਛਾਣੇ। ਜਿਵੇਂ:

ਸਾਧੋ ਗੋਬਿੰਦ ਕੇ ਗੁਨ ਗਾਵਉ॥
ਮਾਨਸ ਜਨਮੁ ਅਮੋਲਕ ਪਾਇਓ॥
ਬਿਰਥਾ ਕਾਹਿ ਗਵਾਵਉ॥[5]

ਆਧੁਨਿਕ ਯੁੱਗ ਵਿੱਚ ਵਿਅਕਤੀ ਦੀ ਹੋਂਦ ਨੂੰ ਇੱਕ ਵਸਤੂ ਤੋਂ ਵੱਧ ਕੁੱਝ ਨਹੀਂ ਮੰਨਿਆ ਜਾਂਦਾ। ਪਰ ਗੁਰੂ ਸਾਹਿਬ ਦੀ ਬਾਣੀ ਮਨੁੱਖ ਨੂੰ 'ਮਾਨਸ ਜਨਮੁ ਅਮੋਲਕ ਪਾਇਓ' ਅਤੇ 'ਦੁਰਲਭ ਦੇਹ ਮਾਨਸ ਕੀ' ਜਿਹੇ ਸ਼ਬਦਾਂ ਨਾਲ ਸੁਸ਼ੋਭਿਤ ਕਰਦੀ ਹੈ। ਇਸ ਦਾ ਕਾਰਨ ਇਹ ਹੈ ਕਿ ਗੁਰੂ ਸਾਹਿਬ ਦੀ ਬਾਣੀ ਮਨੁੱਖ ਨੂੰ ਉਸ ਦੇ ਜੀਵਨ ਦੇ ਮੂਲ ਮਨੋਰਥ ਦੀ ਪਛਾਣ ਕਰਵਾ ਕੇ ਉਪਦੇਸ਼ ਦੇਣ ਵੱਲ ਰੁਚਿਤ ਹੈ। ਇਸ ਤੱਥ ਦੀ ਪ੍ਰੋੜਤਾ ਲਈ ਕੇਸਰ ਸਿੰਘ ਕੇਸਰ ਦੇ ਇਹ ਵਿਚਾਰ ਮੁੱਲਵਾਨ ਹਨ: "ਸ੍ਰੀ ਗੁਰੂ ਤੇਗ ਬਹਾਦਰ ਦੀ ਬਾਣੀ ਉਪਦੇਸ਼ਾਤਮਿਕ ਹੈ। ਇਸ ਵਿਚਲੇ ਉਪਦੇਸ਼ਕ ਦੀ ਆਪਣੇ ਸ੍ਰੋਤੇ ਨਾਲ ਹਮਦਰਦੀ ਕੁਝ ਇਸ ਤਰ੍ਹਾਂ ਦੀ ਹੈ, ਜਿਵੇਂ ਇਕ ਮਨੋਰੋਗੀ ਨਾਲ ਕਿਸੇ ਮਨੋਵਿਗਿਆਨੀ ਡਾਕਟਰ ਦੀ ਹੁੰਦੀ ਹੈ। ਡਾਕਟਰ ਆਪਣੇ ਮਰੀਜ਼ ਨੂੰ ਬੜੇ ਪਿਆਰ ਨਾਲ ਸਮਝਾ-ਬੁਝਾ ਕੇ ਅਰੋਗ ਕਰਨ ਦੇ ਯਤਨ ਵਿੱਚ ਹੈ। 'ਕਹੁ ਨਾਨਕ ਹਰਿ ਭਜ ਮਨਾ, ਕਹੁ ਨਾਨਕ ਨਰ ਬਾਵਰੇ, ਕਹੁ ਨਾਨਕ ਸੁਨ ਰੇ ਮਨਾ, ਕਹੁ ਨਾਨਕ ਸੁਨ ਮੀਤ।"[6]

ਇੰਝ ਗੁਰੂ ਸਾਹਿਬ ਦੀ ਬਾਣੀ ਮਨੁੱਖ ਨੂੰ ਉਪਦੇਸ਼ ਦਿੰਦੀ ਹੈ ਕਿ ਉਸ ਦਾ ਜੀਵਨ 'ਅਮੋਲਕ' ਹੈ। ਵਿਕਾਰਾਂ ਵਿੱਚ ਗਲਤਾਨ ਹੋ ਕੇ ਇਸ ਨੂੰ ਵਿਅਰਥ ਨਹੀਂ ਗੁਆਉਣਾ ਚਾਹੀਦਾ। ਆਤਮ ਗਿਆਨ ਦੀ ਪ੍ਰਾਪਤੀ ਕਰ ਮਨੁੱਖ ਆਪਣੇ ਜੀਵਨ ਨੂੰ ਸਾਰਥਕ ਬਣਾ ਸਕਦਾ ਹੈ। ਪਰ ਆਤਮ ਗਿਆਨ ਦੀ ਸੋਝੀ ਲਈ ਮਨੁੱਖ ਨੂੰ ਆਪੇ ਦੀ ਪਛਾਣ ਦਾ ਹੋਣਾ ਲਾਜ਼ਮੀ ਹੈ। ਇਸ ਪਛਾਣ ਲਈ ਗੁਰੂ ਸਾਹਿਬਾਨ ਨੇ 'ਆਪਾ ਚੀਨਣ' ਦਾ ਸੰਕਲਪ ਪੇਸ਼ ਕੀਤਾ ਹੈ। ਗੁਰਬਾਣੀ ਵਿੱਚ ਮਨੁੱਖ ਨੂੰ ਆਤਮ ਗਿਆਨ ਦੀ ਪ੍ਰੇਰਣਾ ਥਾਂ-ਥਾਂ ਤੇ ਇਸ ਲਈ ਦਿੱਤੀ ਗਈ ਹੈ ਕਿਉਂਕਿ ਜਦ ਤੱਕ ਮਨੁੱਖ ਅੰਦਰ ਅਜਿਹੀ ਬਿਰਤੀ ਪੈਦਾ ਨਹੀਂ ਹੁੰਦੀ ਉਦੋਂ ਤੱਕ ਅਧਿਆਤਮਕ ਉੱਨਤੀ ਸੰਭਵ ਨਹੀਂ ਹੁੰਦੀ। ਅਧਿਆਤਮਕ ਉੱਨਤੀ ਤੋਂ ਭਾਵ ਹੈ ਪਰਮ ਸੱਤਾ ਨਾਲ ਅਭੇਦ ਹੋਣਾ। ਗੁਰੂ ਨਾਨਕ ਦੇਵ ਜੀ ਦਾ ਵਿਚਾਰ ਹੈ ਕਿ ਜੋ ਵਿਅਕਤੀ ਆਤਮ ਗਿਆਨ ਪ੍ਰਾਪਤ ਕਰ ਲੈਂਦੇ ਹਨ ਉਹ ਪਰਮਾਤਮਾ ਰੂਪੀ ਹੋ ਜਾਂਦੇ ਹਨ:

ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ॥
ਏਕੋ ਅਮ੍ਰਿਤ ਬਿਰਖੁ ਹੈ ਫਲੁ ਅਮ੍ਰਿਤ ਸੋਈ॥
ਅਮ੍ਰਿਤ ਫਲੁ ਜਿਨੀ ਚਾਖਿਆ ਸਚਿ ਰਹੇ ਅਘਾਈ॥
ਤਿੰਨਾ ਭਰਮ ਨ ਭੇਦ ਹੈ ਹਰਿ ਰਸਨ ਰਸਾਈ॥[7]

ਗੁਰੂ ਤੇਗ ਬਹਾਦਰ ਜੀ ਦੀ ਬਾਣੀ 'ਆਪਾ ਚੀਨਣ' ਲਈ 'ਭ੍ਰਮ ਕੀ ਕਾਈ' ਤੋਂ ਛੁਟਕਾਰਾ ਪਾਉਣ ਦੀ ਗੱਲ ਕਰਦੀ ਹੈ। ਇੱਥੇ 'ਭ੍ਰਮ ਕੀ ਕਾਈ' ਦਾ ਚਿਹਨ ਪਦਾਰਥਕ ਜਗਤ ਦੀ ਭਟਕਣਾ ਲਈ ਵਰਤਿਆ ਗਿਆ ਹੈ। ਜਿਵੇਂ ਪਾਣੀ ਦੇ ਇੱਕ ਥਾਂ ਜਿਆਦਾ ਦੇਰ ਤੱਕ ਖੜੇ ਰਹਿਣ ਨਾਲ ਉਸ ਉੱਪਰ ਹਰੇ ਰੰਗ ਦਾ ਜਾਲਾ (ਕਾਈ) ਲੱਗ ਜਾਂਦਾ ਹੈ ਜਿਸ ਕਾਰਨ ਪਾਣੀ ਧਰਤੀ ਵਿੱਚ ਨਹੀਂ ਰਚ ਪਾਉਂਦਾ। ਉਸੇ ਤਰ੍ਹਾਂ ਜੀਵ ਜਦੋਂ ਮਾਇਆ ਰੂਪੀ ਭਟਕਣਾ ਦੇ ਜਾਲੇ ਵਿੱਚ ਉਲਝ ਜਾਂਦਾ ਹੈ ਤਾਂ ਉਹ ਪਰਮਾਤਮਾ ਦੀ ਮਨ ਰੂਪੀ ਜ਼ਮੀਨ ਵਿੱਚ ਰਚ ਨਹੀਂ ਪਾਉਂਦਾ। ਪਰ ਜਦੋਂ 'ਆਪਾ ਚੀਨਣ' ਨਾਲ 'ਭ੍ਰਮ ਕੀ ਕਾਈ' ਲੋਪ ਹੋ ਜਾਂਦੀ ਹੈ ਤਾਂ ਜੀਵਾਤਮਾ ਨੂੰ 'ਬਾਹਰਿ ਭੀਤਰਿ ਏਕੋ ਜਾਨਹੁ' ਦੀ ਸੋਝੀ ਹੋ ਜਾਂਦੀ ਹੈ। ਇਸ ਉਦੇਸ਼ ਦੀ ਪੂਰਤੀ ਲਈ ਗੁਰੂ ਸਾਹਿਬ ਦੀ ਬਾਣੀ ਮਨੁੱਖ ਨੂੰ 'ਆਪਾ ਚੀਨਣ' ਲਈ ਇੱਕ ਵਿਲੱਖਣ ਜੀਵਨ ਜੁਗਤ ਦੀ ਸੋਝੀ ਕਰਵਾਉਂਦੀ ਹੈ। ਜਿਸ ਦੇ ਅੰਤਰਗਤ ਮਨੁੱਖ ਨੂੰ ਮਾਇਆ ਦਾ ਤਿਆਗ ਕਰਨ ਅਤੇ ਨਾਮ ਨੂੰ ਗ੍ਰਹਿਣ ਕਰਨ ਲਈ ਤਿਆਰ ਕੀਤਾ ਜਾਂਦਾ ਹੈ।

ਗੁਰੂ ਸਾਹਿਬ ਜੀ ਦੀ ਬਾਣੀ ਵਿੱਚ ਮਾਇਆ ਦੇ ਅਨੇਕਾਂ ਵੇਰਵਿਆਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਸੁੱਖ ਸੰਪਤੀ ਆਦਿ ਦਾ ਵਰਨਣ ਮਿਲਦਾ ਹੈ। ਮਾਇਆ ਦੇ ਇਹਨਾਂ ਰੂਪਾਂ ਦੀ ਛਿਣਭੰਗਰਤਾ ਨੂੰ ਦਰਸਾ ਕੇ ਗੁਰੂ ਸਾਹਿਬ ਇਹਨਾਂ ਦੇ ਨਕਾਰਨ ਦੀ ਗੱਲ ਕਰਦੇ ਹੋਏ ਨਾਮ ਸਿਮਰਨ ਦੀ ਸਦੀਵਤਾ ਉੱਪਰ ਬੱਲ ਦਿੰਦੇ ਹਨ। ਮਨੁੱਖੀ ਜੀਵਨ ਦੀਆਂ ਤਿੰਨ ਅਵਸਥਾਵਾਂ ਬਾਲ, ਜਵਾਨੀ ਅਤੇ ਬਿਰਧ ਮਾਇਆ ਦੇ ਨਿਰਾਰਥਕ ਕਾਰਜਾਂ ਵਿੱਚ ਉਲਝੀਆਂ ਰਹਿੰਦੀਆਂ ਹਨ। ਮਨੁੱਖ ਜਨਮ 'ਅਕਾਰਥ' ਨਾ ਜਾਵੇ ਇਸ ਲਈ ਗੁਰੂ ਸਾਹਿਬ ਦੀ ਬਾਣੀ ਮਨੁੱਖ ਨੂੰ 'ਹਰਿ ਭਜ ਮਨਾ' ਲਈ ਚੇਤੰਨ ਕਰ ਨਾਮ ਸਿਮਰਨ ਨਾਲ ਜੋੜਨ ਦਾ ਕਾਰਜ ਕਰਦੀ ਹੈ।

ਗੁਰੂ ਸਾਹਿਬ ਦੀ ਬਾਣੀ ਪ੍ਰਭੂ ਦੀ ਹੋਂਦ ਨੂੰ ਸਵੀਕਾਰ ਕਰ, ਪ੍ਰਭੂ ਦਾ ਨਾਮ ਸਿਮਰਨ ਕਰਨ, ਉਸ ਦੀ ਉਸਤਤਿ ਤੇ ਵਡਿਆਈ ਕਰਨ ਦੇ ਨਾਲ-ਨਾਲ ਉਸ ਨੂੰ ਸਰਵ-ਵਿਆਪਕ ਮੰਨਣ ਦਾ ਉਪਦੇਸ਼ ਦਿੰਦੀ ਹੈ। ਗੁਰੂ ਜੀ ਨੇ ਆਪ ਸੰਸਾਰਕ ਰਿਸ਼ਤਿਆਂ ਅਤੇ ਪਦਾਰਥਾਂ ਤੋਂ ਨਿਰਲੇਪ ਰਹਿ ਕੇ ਪ੍ਰਭੂ ਭਗਤੀ ਕੀਤੀ। ਉਹਨਾਂ ਨੇ ਇਕਾਂਤ ਵਿੱਚ ਰਹਿ ਕੇ ਪ੍ਰਭੂ ਦਾ ਜਸ ਗਾਇਨ ਕੀਤਾ। ਉਹਨਾਂ ਨੇ ਆਪਣੀ ਬਾਣੀ ਵਿੱਚ ਦੱਸਿਆ ਕਿ ਫੁੱਲ ਵਿੱਚ ਸੁਗੰਧੀ ਦੀ ਤਰ੍ਹਾਂ ਪ੍ਰਭੂ ਬ੍ਰਹਿਮੰਡ ਦੀ ਵਿਸ਼ਾਲਤਾ ਵਿੱਚ ਵਿਆਪਕ ਹੈ। ਇਸ ਦੀ ਸੋਝੀ ਨਾਮ ਮਾਰਗ ਉੱਤੇ ਚੱਲ ਕੇ ਮਿਲਦੀ ਹੈ। ਜਦੋਂ ਵਿਅਕਤੀ ਉੱਤੇ ਪ੍ਰਭੂ ਦੀ ਕਿਰਪਾ ਹੁੰਦੀ ਹੈ,

ਉਦੋਂ ਹੀ ਇਸ ਦੀ ਪ੍ਰਾਪਤੀ ਦਾ ਅਹਿਸਾਸ ਹੁੰਦਾ ਹੈ।

ਇਹੀ ਵਜ੍ਹਾ ਹੈ ਕਿ ਗੁਰੂ ਸਾਹਿਬ ਦੀ ਬਾਣੀ ਵਿੱਚ ਆਦਰਸ਼ਕ ਜੀਵਨ ਜਾਚ ਦੀ ਪ੍ਰਾਪਤੀ ਲਈ ਕਰਮਕਾਂਡੀ ਜੀਵਨ ਲਈ ਕੋਈ ਜਗ੍ਹਾ ਨਹੀਂ। ਉਸ ਸਮੇਂ ਪ੍ਰਚਲਿਤ ਧਾਰਮਿਕ ਕਰਮਕਾਂਡ ਜਿਵੇਂ ਤੀਰਥ ਇਸ਼ਨਾਨ, ਭਗਵੇਂ ਵੇਸ, ਸਿਰ ਮੁਨਵਾ ਕੇ ਰੱਖਣਾ, ਵਰਤ ਰੱਖਣਾ ਆਦਿ ਪ੍ਰਪੰਚ ਅਧਿਆਤਮਕ ਖੇਤਰ ਵਿੱਚ ਬਹੁਤੀ ਮਾਤਰਾ ਵਿੱਚ ਵਿਆਪਤ ਸਨ। ਗੁਰੂ ਸਾਹਿਬ ਨੇ ਅਜਿਹੇ ਕਰਮਕਾਂਡਾਂ ਤੇ ਚੱਲਣ ਵਾਲੇ ਲੋਕਾਂ ਅੰਦਰ ਇਹ ਜਾਗ੍ਰਤੀ ਪੈਦਾ ਕੀਤੀ ਕਿ ਜੋ ਵਿਅਕਤੀ ਇਹਨਾਂ ਕਰਮਕਾਂਡਾਂ ਅਤੇ ਪਾਖੰਡਾਂ ਤੋਂ ਪਰੇ ਇੱਕ ਸੱਚਾ-ਸੁੱਚਾ ਜੀਵਨ ਬਤੀਤ ਕਰਦਾ ਹੈ ਉਹ ਸਹਿਜੇ ਹੀ ਸਾਦਗੀ, ਸੰਜਮ, ਸਹਿਣਸ਼ੀਲਤਾ ਅਤੇ ਖਿਮਾ ਜਿਹੇ ਗੁਣਾਂ ਦਾ ਧਾਰਨੀ ਹੋ ਜਾਂਦਾ ਹੈ। ਉਹ ਭੈਅ ਤੋਂ ਮੁਕਤ ਹੋ ਜਾਂਦਾ ਹੈ ਅਤੇ ਭੈਅ ਤੋਂ ਮੁਕਤੀ ਮਨੁੱਖ ਨੂੰ ਬਲਸ਼ਾਲੀ ਬਣਾਉਂਦੀ ਹੈ। ਇਹ ਬੱਲ ਮਾਨਸਿਕ ਹੈ, ਆਤਮਿਕ ਹੈ ਜੋ ਮਨੁੱਖ ਨੂੰ ਅਡਿਗ ਭਗਤੀ ਦੇ ਮਾਰਗ ਤੇ ਤੋਰਨ 'ਚ ਸਹਾਈ ਹੁੰਦਾ ਹੈ।

ਉਪਰੋਕਤ ਕੀਤੀ ਵਿਚਾਰ ਚਰਚਾ ਉਪਰੰਤ ਕਿਹਾ ਜਾ ਸਕਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਮਨੁੱਖ ਦੀ ਜੀਵਨ ਜੁਗਤ ਦੀ ਜਿਹੜੀ ਪੇਸ਼ਕਾਰੀ ਹੋਈ ਹੈ ਉਹ ਮਨੁੱਖ ਦੀ ਨਵੇਂ ਸਿਰੇ ਤੋਂ ਘਾੜਤ ਆਖੀ ਜਾ ਸਕਦੀ ਹੈ। ਕਿਉਂਕਿ ਗੁਰੂ ਸਾਹਿਬ ਆਪਣੀ ਬਾਣੀ ਵਿੱਚ ਜਿਸ ਮਨੁੱਖ ਦੀ ਗੱਲ ਕਰਦੇ ਹਨ ਉਹ ਮਨੁੱਖ, ਮਨੁੱਖੀ ਹੋਂਦ ਦੀਆਂ ਸੀਮਾਵਾਂ ਵਿੱਚ ਰਹਿੰਦਾ ਹੋਇਆ ਵੀ ਮੁਕਤ ਹੈ। ਅਜਿਹਾ ਮਨੁੱਖ ਪ੍ਰਭੂ ਦੀ ਹੋਂਦ ਨੂੰ ਸਵੀਕਾਰ ਕਰ ਉਸ ਦੇ ਸਿਮਰਨ ਨਾਲ ਜੁੜਦਾ ਹੈ। ਉਹ ਵਿਸ਼ੇ-ਵਿਕਾਰਾਂ, ਮੋਹ-ਮਾਇਆ ਅਤੇ ਸੰਸਾਰਕ ਵਸਤਾਂ ਤੋਂ ਨਿਰਲੇਪ ਰਹਿੰਦਾ ਹੈ। ਉਹ ਸਥਿਤੀਆਂ ਨੂੰ ਆਪਣੇ ਅਨੁਕੂਲ ਬਣਾ ਕੇ 'ਬੰਧਨ' ਤੋਂ 'ਮੁਕਤੀ' ਤੱਕ ਦਾ ਸਫ਼ਰ ਤੈਅ ਕਰ ਆਦਰਸ਼ਕ ਮਨੁੱਖ ਬਣ ਜਾਂਦਾ ਹੈ। ਮਨਮੁੱਖ ਤੋਂ ਆਦਰਸ਼ਕ ਮਨੁੱਖ ਬਣਾਉਣਾ ਹੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦਾ ਮੁੱਖ ਉਦੇਸ਼ ਹੈ।

### *ਹਵਾਲੇ ਅਤੇ ਟਿੱਪਣੀਆਂ*


1. ***ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 684*
2. *ਉਹੀ, ਪੰਨਾ 633*
3. *ਉਹੀ, ਪੰਨਾ 633*
4. *ਉਹੀ, ਪੰਨਾ 831*
5. *ਉਹੀ, ਪੰਨਾ 219*
6. *ਅਮ੍ਰਿਤਪਾਲ ਕੌਰ (ਸੰਪਾ) **ਖੋਜ ਪਤ੍ਰਿਕਾ, (ਬਾਣੀਕਾਰ ਵਿਸ਼ੇਸ਼ ਅੰਕ)**, ਪੰਨਾ 79*
7. ***ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 421*